# ਦਫ਼ਤਰ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.) -ਕਮ- ਜ਼ਿਲ੍ਹਾ ਪ੍ਰੋਜੈਕਟ ਡਾਇਰੈਕਟਰ,

## ਸਮੱਗਰਾ ਸਿੱਖਿਆ ਅਭਿਆਨ, ਬਠਿੰਡਾ

E-Mail id: dpobathinda@gmail.com Tel: 0164-2217295


---

ਵੱਲ

ਸਮੂਹ ਸਕੂਲ ਮੁਖੀ , (ਅੱਪਰ ਪ੍ਰਾਇਮਰੀ ਅਤੇ ਪ੍ਰਾਇਮਰੀ)

ਜਿਲ੍ਹਾ ਬਠਿੰਡਾ।

ਪੱਤਰ ਨੰ:- ਸਸਅ/ਜਨਰਲ/2023-24/ 2613 ਮਿਤੀ ਬਠਿੰਡਾ: 08.05.2023

ਵਿਸ਼ਾ- **ਸਾਲ 2023-25 ਲਈ ਮਿਤੀ 15.05.2023 ਤੋਂ 31.03.2025 ਤੱਕ ਸਕੂਲ ਮੈਨੇਜਮੈਂਟ ਕਮੇਟੀਆਂ ਐਸ.ਐਮ.ਸੀ. ਦਾ ਗਠਨ ਕਰਨ ਸਬੰਧੀ।**

ਹਵਾਲਾ- ਦਫਤਰ ਡਾਇਰੈਕਟਰ ਆਫ ਸਕੂਲ ਐਜੂਕੇਸ਼ਨ (ਐ.ਸਿ.), ਪੰਜਾਬ ਦੀ ਮੀਮੋ ਨੰ: **E/84946/DPIEE-SRVC010/1/2020-SERVICES-DPIEE/1229-31, ਮਿਤੀ ਸਅਸ ਨਗਰ 05.05.2023**

ਉਪਰੋਕਤ ਵਿਸ਼ਾ ਅਤੇ ਹਵਾਲਾ ਅਧੀਨ ਬੱਚਿਆਂ ਦਾ ਮੁਫਤ ਅਤੇ ਲਾਜ਼ਮੀ ਸਿੱਖਿਆ ਦਾ ਅਧਿਕਾਰ ਐਕਟ 2009 ਦੀ ਧਾਰਾ 21 ਅਤੇ ਪੰਜਾਬ ਬੱਚਿਆਂ ਦਾ ਮੁਫਤ ਅਤੇ ਲਾਜ਼ਮੀ ਸਿੱਖਿਆ ਦਾ ਅਧਿਕਾਰ ਨਿਯਮ 2011 ਦੇ ਨਿਯਮ 13 ਅਧੀਨ ਗੈਰ ਸਹਾਇਤਾ ਪ੍ਰਾਪਤ ਸਕੂਲਾਂ ਤੋਂ ਇਲਾਵਾ ਹਰ ਇੱਕ ਸਕੂਲ ਮੈਨੇਜਮੈਂਟ ਕਮੇਟੀਆਂ ਦੇ ਗਠਨ ਸਬੰਧੀ ਹਦਾਇਤਾਂ ਪ੍ਰਾਪਤ ਹੋਈਆ ਹਨ ਜਿਸ ਅਨੁਸਾਰ ਸਕੂਲ ਮੈਨੇਜਮੈਂਟ ਕਮੇਟੀਆਂ ਦਾ ਕਾਰਜਕਾਲ ਮਿਤੀ 31.03.2025 ਤੱਕ ਦਾ ਹੀ ਹੋਵੇਗਾ।

ਹਰੇਕ ਪ੍ਰਾਇਮਰੀ/ ਮਿਡਲ/ ਹਾਈ/ ਸੀਨੀਅਰ ਸੈਕੰਡਰੀ ਸਕੂਲ ਲਈ ਇੱਕ ਹੀ ਮੈਨੇਜਮੈਂਟ ਕਮੇਟੀ ਹੋਵੇਗੀ। ਸਕੂਲ ਮੈਨੇਜਮੈਂਟ ਕਮੇਟੀ ਦੇ ਗਠਨ ਸਬੰਧੀ ਹਦਾਇਤਾਂ ਆਪ ਨੂੰ ਨਾਲ ਨੱਥੀ ਕਰਕੇ ਭੇਜੀਆਂ ਜਾਂਦੀਆਂ ਹਨ। ਇਸ ਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪ ਵੱਲੋਂ ਕਮੇਟੀ ਦਾ ਗਠਨ ਕਰਦੇ ਸਮੇਂ ਮੁਖ ਦਫਤਰ ਤੋ ਪ੍ਰਾਪਤ ਹਦਾਇਤਾਂ ਅਤੇ ਪੱਤਰ ਨਾਲ ਦਰਸਾਏ ਗਏ ਟਾਈਮ ਲਾਈਨ ਦੀ ਇੰਨ ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

**ਨੱਥੀ- ਮੁਖ ਦਫਤਰ ਤੋਂ ਪ੍ਰਾਪਤ ਹਦਾਇਤਾਂ ਦੀ ਕਾਪੀ**

8/5/2023

ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) -ਕਮ-,
ਜ਼ਿਲ੍ਹਾ ਪ੍ਰੋਜੈਕਟ ਡਾਇਰੈਕਟਰ,
ਸਮੱਗਰਾ ਸਿੱਖਿਆ ਅਭਿਆਨ, ਬਠਿੰਡਾ।

ਪਿੰਠ ਅੰਕਣ ਨੰ:- ਮਿਤੀ- ਉਕਤ

ਉਕਤ ਦਾ ਉਤਾਰਾ ਸਮੂਹ ਬੀ.ਪੀ.ਈ.ਓਜ਼ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਸਾਰੇ ਸਕੂਲਾਂ ਵਿੱਚ ਸਮੇਂ ਸਿਰ ਅਤੇ ਉਕਤ ਹਦਾਇਤਾਂ ਅਨੁਸਾਰ ਐਸ.ਐਮ.ਸੀ. ਦਾ ਗਠਨ ਕਰਵਾਇਆ ਜਾਵੇ।

8/5/2023

ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) -ਕਮ-,
ਜ਼ਿਲ੍ਹਾ ਪ੍ਰੋਜੈਕਟ ਡਾਇਰੈਕਟਰ,
ਸਮੱਗਰਾ ਸਿੱਖਿਆ ਅਭਿਆਨ, ਬਠਿੰਡਾ।